## ਅਸਾਮੀਆਂ ਦੀ ਗਿਣਤੀ, ਨਿਯਮ ਅਤੇ ਹਦਾਇਤਾ

1) ਸਰਕਾਰੀ ਕਾਲਜ ਡੇਰਾਬੱਸੀ ਵਿਖੇ ਗਰੁੱਪ ਡੀ (ਦਰਜਾ ਚਾਰ) ਦੀ ਵੱਖ-ਵੱਖ ਅਸਾਮੀਆਂ ਦੀ ਭਰਤੀ ਕੀਤੀ ਜਾਣੀ ਹੈ।

2) ਦਰਜਾ ਚਾਰ ਦੀਆਂ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | | |
|---|---|---|---|
| ਲੈਬਾਰਟਰੀ ਅਟੈਡੰਟ | : | 01 | |
| ਲਾਇਬਰੇਰੀ ਅਟੈਡੰਟ | : | 01 | |
| ਮਾਲੀ | : | 01 | |
| ਬੇਲਦਾਰ | : | 02 | |
| ਵਾਟਰਮੈਨ | : | 01 | (ਇਸਤਰੀ ਲਈ ਰਾਖਵੀ) |
| ਸੇਵਾਦਾਰ | : | 03 | (ਇੱਕ ਅਸਾਮੀ ਇਸਤਰੀ ਲਈ ਰਾਖਵੀ) |
| ਚੌਕੀਦਾਰ | : | 01 | (ਸਾਬਕਾ ਫੌਜੀ ਨੂੰ ਤਰਜੀਹ) |

3) ਓਕਤ ਅਸਾਮੀਆਂ ਲਈ ਵਿਦਿਅਕ ਯੋਗਤਾ :-
   ੳ) ਘੱਟੋ-ਘੱਟ ਅੱਠਵੀ ਕਲਾਸ ਪਾਸ ਕੀਤੀ ਹੋਵੇ।
   ਅ) ਅੱਠਵੀ ਪੱਧਰ ਪ੍ਰੀਖਿਆ ਵਿੱਚ ਪੰਜਾਬੀ ਵਿਸ਼ਾ ਪਾਸ ਕੀਤਾ ਹੋਵੇ।
   ੲ) ਚੌਕੀਦਾਰ ਦੀ ਅਸਾਮੀ ਲਈ ਸਾਬਕਾ ਫੌਜੀਆਂ ਨੂੰ ਤਰਜੀਹ ਦਿੱਤੀ ਜਾਵੇਗੀ।
   ਸ) ਮਾਲੀ ਦੀ ਅਸਾਮੀ ਲਈ ਬਾਗਬਾਨੀ ਵਿੱਚ ਗਿਆਨ ਅਤੇ ਤਜ਼ਰਬਾ ਜਰੂਰੀ ਹੋਵੇ।

4) ਪੰਜਾਬ ਸਰਕਾਰ ਦੀ ਹਦਾਇਤਾ ਨੰਬਰ: 7/204/2012-4 ਐਫ.ਪੀ.ਆਈ. 1 /60 ਮਿਤੀ:15-01-2015 ਅਨੁਸਾਰ ਤਨਖਾਹ ਸਕੇਲ 4900-10640+1400 ਰੁਪਏ ਗ੍ਰੇਡ ਪੇ ਵਿੱਚ ਸਿਰਫ ਮੁੱਢਲੀ ਤਨਖਾਹ 4900-ਰੁਪਏ ਹੀ ਦਿੱਤੀ ਜਾਵੇਗੀ ।

5) ਪੰਜਾਬ ਸਰਕਾਰ ਦੀ ਹਦਾਇਤਾ ਨੰਬਰ: 1/6/2016- ਪੀ.ਪੀ.1/ 864680 / 1 ਮਿਤੀ: 07-09-2016 ਅਨੁਸਾਰ ਕਰਮਚਾਰੀ ਦਾ ਪਰਖ ਸਮਾਂ ਤਿੰਨ ਸਾਲ ਦਾ ਹੋਵੇਗਾ ।

6) ਪਰਖ ਸਮੇ ਦੌਰਾਨ ਕਰਮਚਾਰੀ ਨੂੰ ਕਿਸੇ ਪ੍ਰਕਾਰ ਦੇ ਭੱਤੇ ਦੀ ਅਦਾਇਗੀ ਨਹੀ ਹੋਵੇਗੀ ਅਤੇ ਨਾ ਹੀ ਇਹ ਸੇਵਾ ਗਿਣੀ ਜਾਵੇਗੀ ।

7) ਇਹ ਅਸਾਮੀਆਂ ਬਿਨ੍ਹਾਂ ਨੋਟਿਸ ਦਿੱਤੇ ਵਾਪਿਸ ਲਿੱਤੀਆ ਜਾ ਸਕਦੀਆ ਹਨ । ਇਹ ਅਸਾਮੀਆ ਵਧਾਈਆ ਜਾ ਘਟਾਈਆ ਜਾ ਸਕਦੀਆ ਹਨ ।

8) ਸੰਸਥਾ ਵਿੱਚ ਪਹਿਲਾ ਹੀ ਕੰਮ ਕਰਦੇ ਕਰਮਚਾਰੀਆਂ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਇਹਨਾਂ ਉੱਤੇ ਸੰਸਥਾ ਵਿਚ ਪਹਿਲੀ ਹਾਜਰੀ ਸਮੇ ਦੀਆਂ ਸ਼ਰਤਾਂ ਹੀ ਲਾਗੂ ਹੋਣਗੀਆ ।

9) ਇਹਨਾਂ ਅਸਾਮੀਆਂ ਦੇ ਕੰਮ ਦੀ ਪ੍ਰਕਰਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਉਮੀਦਵਾਰਾ ਦੀ ਚੋਣ ਕੀਤੀ ਜਾਵੇਗੀ ।

10) ਇਹਨਾਂ ਪੋਸਟਾਂ ਤੇ ਪੰਜਾਬ ਸਰਕਾਰ ਦੁਆਰਾ ਸਮੇ-ਸਮੇ ਤੇ ਜਾਰੀ ਕੀਤੀਆ ਹਦਾਇਤਾ ਲਾਗੂ ਹੋਣਗੀਆ ।

11) ਉਮਰ ਸੀਮਾ:-
   ੳ) ਮਿਤੀ: 1.1.2017 ਨੂੰ ਜਨਰਲ ਸ੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋ ਘੱਟ ਅਤੇ 37 ਸਾਲ ਤੋ ਵੱਧ ਨਹੀ ਹੋਣੀ ਚਾਹੀਦੀ ।
   ਅ) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਹੋਵੇਗੀ ।
   ੲ) ਰਾਜ ਅਤੇ ਕੇਦਂਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਸੀਮਾ ਵਿਚ 45 ਸਾਲ ਦੀ ਉਮਰ ਹੋਣ ਤੱਕ ਛੋਟ ਦਿੱਤੀ ਜਾਵੇਗੀ ।
   ਸ) ਪੰਜਾਬ ਦੇ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸਮਾ Punjab Recruitment of Ex-servicemen Rules,1982 ਵਿੱਚ ਸਮੇ -ਸਮੇ ਹੋਈਆ ਸੋਧਾ ਅਨੁਸਾਰ ਹੋਵੇਗੀ । ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋ ਘਟਾਉਣ ਤੋ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋ ਵੱਧ ਨਹੀ ਹੋਵੇਗੀ ਤਾ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆ ਕਰਦਾ ਹੈ ।

ਹ) ਪੰਜਾਬ ਦੇ ਵਸਨੀਕ ਅੰਗਹੀਣਾ ਦੀ ਉਪਰਲੀ ਉਮਰ ਸੀਮਾ ਵਿੱਚ ਵੀ 47 ਸਾਲ ਤੱਕ ਛੋਟ ਦਿੱਤੀ ਜਾਵੇਗੀ ।

12) ਰਿਜਰਵੇਸ਼ਨ ਪਾਲਿਸੀ:

| | | | | | |
|---|---|---|---|---|---|
| S.C. Ex-servicemen 4% | S.C. Sportsmen 1.0% | S.C. Handicapped | S.C. | Other SCs 20% | Total SCs 25% |
| B.C. Ex-servicemen 2% | B.C. Sportsmen -- | B.C. Handicapped -- | B.C. | Other BCs 10% | Total BCs 12% |
| General Ex-servicemen 7% | General Sportsmen 2% | General Handicapped 3% | General Freedom Fighters 1% | Unreserved 50% | Total General Category 63% |
| Total Ex-servicemen 13% | Total Sportsmen 3% | Total Handicapped 3% | Total Freedom Fighters 1% | | |

13) ਹਰੇਕ ਆਸਾਮੀ ਲਈ ਉਮੀਦਵਾਰਾਂ ਦੀ ਮੈਰੀਟ ਦੇ ਆਧਾਰ ਤੇ ਪੈਨਲ ਤਿਆਰ ਕੀਤਾ ਜਾਵੇਗਾ ।

14) ਕਿਸੇ ਪ੍ਰਕਾਰ ਦੇ ਬਾਹਰੀ/ਰਾਜਨੀਤਕ ਦਬਾਅ ਪਾਉਣ ਵਾਲੇ ਉਮੀਦਵਾਰ ਨੂੰ ਅਸਾਮੀ ਲਈ ਅਯੋਗ ਕਰਾਰ ਦਿੱਤਾ ਜਾਵੇਗਾ ।

ਪ੍ਰਿੰਸੀਪਲ
ਸਰਕਾਰੀ ਕਾਲਜ ਡੇਰਾ ਬੱਸੀ ।
(ਐਸ.ਏ.ਐਸ.ਨਗਰ)